# ਦਸੰਬਰ – ਜਨਵਰੀ ਪਾਠ - ਕ੍ਰਮ,

## ਪਾਠ - 22, ਜਮਾਤ - ਛੇਵੀਂ

## ਲੋਕ - ਨਾਇਕ ਦਾ ਚਲਾਣਾ ( ਸ੍ਰੀ ਗੁਲਜ਼ਾਰ ਸਿੰਘ ਸੰਧੂ )

ਤਿਆਰ ਕਰਤਾ:- ਸ.ਜਸਪਾਲ ਸਿੰਘ, ਪੰਜਾਬੀ ਮਾਸਟਰ, ਸਰਕਾਰੀ ਹਾਈ ਸਕੂਲ ਧਰਮਕੋਟ ਬੱਗਾ ( ਗੁਰਦਾਸਪੁਰ ) 9417606006

## 1) ਪ੍ਰਸ਼ਨਾਂ ਦੇ ਉੱਤਰ ਦਿਓ :-

1. ਪ੍ਰਸ਼ਨ:- ਬੱਸ ਦੀਆਂ ਸਵਾਰੀਆਂ ਕਿਉਂ ਕਾਹਲ਼ੀਆਂ ਪੈ ਰਹੀਆਂ ਸਨ ?

ਉੱਤਰ:- ਬੱਸ ਦੀਆਂ ਸਵਾਰੀਆਂ ਗਰਮੀ ਅਤੇ ਦੇਰ ਹੋਣ ਕਾਰਨ ਕਾਹਲ਼ੀਆਂ ਪੈ ਰਹੀਆਂ ਸਨ |

2. ਪ੍ਰਸ਼ਨ:- ਸਭ ਸਵਾਰੀਆਂ ਆਪੋ- ਆਪਣੀ ਹੈਰਾਨੀ ਕਿਉਂ ਪ੍ਰਗਟ ਕਰ ਰਹੀਆਂ ਸਨ ?

ਉੱਤਰ:- ਪੰਡਤ ਨਹਿਰੂ ਜੀ ਦੀ ਮੌਤ ਦੀ ਖ਼ਬਰ ਸੁਣ ਕੇ ਸਭ ਸਵਾਰੀਆਂ ਆਪੋ - ਆਪਣੀ ਹੈਰਾਨੀ ਪ੍ਰਗਟ ਕਰ ਰਹੀਆਂ ਸਨ |

3. ਪ੍ਰਸ਼ਨ:- ਚੈਂਕਰ ਨੇ ਖ਼ਬਰ ਦੀ ਵਿਆਖਿਆ ਕਰਕੇ ਕੀ ਦੱਸਿਆ ?

ਉੱਤਰ:-ਚੈਂਕਰ ਨੇ ਖ਼ਬਰ ਦੀ ਵਿਆਖਿਆ ਕਰਦਿਆ ਦੱਸਿਆ ਕਿ ਪੰਡਤ ਜੀ ਸਵੇਰ ਤੋਂ ਹੀ ਬੇਹੋਸ਼ ਸਨ,ਇੱਕ ਵਾਰ ਬੇਹੋਸ਼ ਹੋਣ ਤੋਂ ਪਿੱਛੋਂ ਉਹਨਾਂ ਨੂੰ ਹੋਸ਼ ਨਹੀਂ ਆਈ |

4. ਪ੍ਰਸ਼ਨ:- ਨਹਿਰੂ ਜੀ ਦੇ ਸੁਰਗਵਾਸ ਹੋਣ ਦੀ ਖ਼ਬਰ ਸੁਣ ਕੇ ਸਾਰੀਆਂ ਸਵਾਰੀਆਂ ਦਾ ਕੀ ਹਾਲ ਹੋਇਆ ?

ਉੱਤਰ:-ਨਹਿਰੂ ਜੀ ਦੇ ਸੁਰਗਵਾਸ ਹੋਣ ਦੀ ਖ਼ਬਰ ਸੁਣ ਕੇ ਸਾਰੀਆਂ ਸਵਾਰੀਆਂ ਹੈਰਾਨ ਪਰੇਸ਼ਾਨ ਹੋ ਗਈਆ |

5. ਪ੍ਰਸ਼ਨ:- ਡਰਾਈਵਰ ਦੇ ਹਾਰਨ ਵਜਾਉਣ 'ਤੇ ਭੀੜ ਗ਼ੁੱਸੇ ਵਿੱਚ ਕਿਉਂ ਆ ਗਈ?

ਉੱਤਰ:- ਸੁਤੰਤਰ ਭਾਰਤ ਦੇ ਨਾਇਕ ਦਾ ਚਲਾਣਾ ਲੋਕ ਮਨਾਂ 'ਤੇ ਭਾਰੂ ਸੀ,ਜਿਸ ਕਰਕੇ ਡਰਾਈਵਰ ਦੇ ਹਾਰਨ ਵਜਾਉਣ 'ਤੇ ਭੀੜ ਗ਼ੁੱਸੇ ਵਿੱਚ ਆ ਗਈ |

## 2) ਖ਼ਾਲੀ ਥਾਂਵਾਂ ਭਰੋ:

( ੳ ) " ਤੈਨੂੰ ਪਤਾ <u>ਪੰਡਤ ਨਹਿਰੂ</u> ਜੀ ਚੱਲ ਵੱਸੇ |"

( ਅ ) ਉਹ ਸਭ <u>ਇਕੋ ਬੋਲ,</u> ਬੋਲ ਰਹੀਆਂ ਸਨ |

( ੲ ) ਇੱਕ ਵਾਰੀ <u>ਬੇਹੋਸ਼</u> ਹੋਣ ਤੋਂ ਪਿੱਛੋਂ <u>ਹੋਸ਼</u> ਨਹੀਂ ਸੀ ਆਈ |

( ਸ ) ਹਰ ਕਿਸੇ ਦੀ ਗਿਲਾ - ਗੁਜ਼ਾਰੀ ਮੁੱਕ ਗਈ ਸੀ ।

( ਹ ) ਉਸ ਨੇ ਭੀੜ ਨੂੰ ਹਟਾਉਣ ਲਈ ਹਾਰਨ ਦਿੱਤਾ ।

**3) ਵਾਕਾਂ ਵਿੱਚ ਵਰਤੋ:**

1. ਪਰੇਸ਼ਾਨ - ਪ੍ਰੇਮ ਅੱਜ ਬੜਾ ਪਰੇਸ਼ਾਨ ਹੈ ।
2. ਕੰਡਕਟਰ - ਮੇਰੇ ਪਿਤਾ ਜੀ ਕੰਡਕਟਰ ਦੀ ਨੌਕਰੀ ਕਰਦੇ ਹਨ ।
3. ਡਰਾਈਵਰ - ਡਰਾਈਵਰ ਬੱਸ ਚਲਾ ਰਿਹਾ ਹੈ ।
4. ਸੁਰਗਵਾਸ - ਮੋਹਨ ਦੇ ਦਾਦਾ ਜੀ ਕੱਲ੍ਹ ਸੁਰਗਵਾਸ ਹੋ ਗਏ ।
5. ਸਿਆਸਤਦਾਨ - ਪੰਡਤ ਨਹਿਰੂ ਜੀ ਉੱਘੇ ਸਿਆਸਤਦਾਨ ਸਨ ।
6. ਕਦਰਦਾਨ - ਮੈਂ ਚੰਗੇ ਲੋਕਾਂ ਦਾ ਕਦਰਦਾਨ ਹਾਂ ।
7. ਪ੍ਰਧਾਨ ਮੰਤਰੀ - ਸ੍ਰੀ ਨਰਿੰਦਰ ਮੋਦੀ ਭਾਰਤ ਦੇ ਪ੍ਰਧਾਨ-ਮੰਤਰੀ ਹਨ ।
8. ਸਤਿਕਾਰ - ਸਾਨੂੰ ਸਭ ਦਾ ਸਤਿਕਾਰ ਕਰਨਾ ਚਾਹੀਦਾ ਹੈ ।